# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 20 ਮਈ 2026 ਦਿਨ ਬੁੱਧਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰਕਾਰੀ ਕਾਲਜ ਮਲੇਰਕੋਟਲਾ ਵਿਖੇ ਸ਼੍ਰੀਮਤੀ ਬਲਜੀਤ ਕੌਰ ਜੀ ਨੇ ਬਤੌਰ ਪ੍ਰਿੰਸੀਪਲ ਅਹੁਦਾ ਸੰਭਾਲਿਆ।



ਮਲੇਰ ਕੋਟਲਾ 20 ਮਈ : ਸਥਾਨਕ ਸਰਕਾਰੀ ਕਾਲਜ ਵਿਖੇ ਸ਼੍ਰੀਮਤੀ ਬਲਜੀਤ ਕੌਰ ਜੀ ਨੇ ਬਤੌਰ ਪ੍ਰਿੰਸੀਪਲ ਵਜੋਂ ਅੱਜ ਅਹੁਦਾ ਸੰਭਾਲਿਆ। ਪ੍ਰਿੰਸੀਪਲ ਸ਼੍ਰੀਮਤੀ ਬਲਜੀਤ ਕੌਰ ਜੀ ਐਸੋਸੀਏਟ ਪ੍ਰੋਫੈਸਰ ਵਜੋਂ ਸਰਕਾਰੀ ਕਾਲਜ ਲੜਕੀਆਂ, ਲੁਧਿਆਣਾ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ। ਉਹਨਾਂ ਨੇ ਸੰਗੀਤ ਵਿਸ਼ੇ ਵਿੱਚ ਆਪਣੀਆਂ ਸ਼ਾਨਦਾਰ ਅਧਿਆਪਨ ਸੇਵਾਵਾਂ ਨਿਭਾਉਂਦੇ ਹੋਏ ਸੰਗੀਤਿਕ ਪ੍ਰਾਪਤੀਆਂ ਰਾਹੀਂ ਕਾਲਜ ਨੂੰ ਬੁਲੰਦੀਆਂ ਦੇ ਸਿਖਰ ਤੇ ਲੈ ਕੇ ਜਾਣ ਵਿੱਚ ਅਪਣਾ ਵੱਡਮੁਲਾ ਯੋਗਦਾਨ ਪਾਇਆ। ਅਧਿਆਪਨ ਤੋਂ ਇਲਾਵਾ ਉਸ ਕਾਲਜ ਵਿੱਚ ਉਹਨਾਂ ਨੇ ਵੱਖ-ਵੱਖ ਡਿਊਟੀਆਂ ਨਿਭਾਉਂਦੇ ਹੋਏ ਕਾਲਜ ਦੇ ਸਰਬਪੱਖੀ ਵਿਕਾਸ ਲਈ ਨਿਰੰਤਰ ਗਤੀਸ਼ੀਲ ਰਹਿ ਕੇ ਕਾਰਜ ਕੀਤੇ। ਵਾਈਸ ਪ੍ਰਿੰਸੀਪਲ ਐਸੋਸੀਏਟ ਪ੍ਰੋਫੈਸਰ ਅਰਵਿੰਦ ਕੌਰ ਮੰਡ ਦੀ ਅਗਵਾਈ ਹੇਠ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਵੱਲੋਂ ਕਾਲਜ ਵਿੱਚ ਉਹਨਾਂ ਦੀ ਆਮਦ ਤੇ ਜੀ ਆਇਆ ਆਖਿਆ ਗਿਆ। ਹਾਜ਼ਰੀਨ ਨੂੰ ਸੰਬੋਧਿਤ ਹੁੰਦੇ ਹੋਏ ਪ੍ਰਿੰਸੀਪਲ ਸਾਹਿਬਾ ਨੇ ਕਿਹਾ ਕਿ ਉਹ ਨਿਰੰਤਰ ਕਾਲਜ ਦੀ ਬੇਹਤਰੀ ਦੇ ਲਈ ਕਾਰਜ ਕਰਦੇ ਰਹਿਣਗੇ ਅਤੇ ਇਸਦੇ ਸਰਵਪੱਖੀ ਵਿਕਾਸ ਦੇ ਲਈ ਨਵੀਆਂ ਯੋਜਨਾਵਾਂ ਨੂੰ ਵੀ ਅਮਲੀ ਜਾਮਾ ਪਹਿਨਾਉਣਗੇ। ਵਾਈਸ ਪ੍ਰਿੰਸੀਪਲ ਨੇ ਕਿਹਾ ਕੇ ਕਲਜ ਸਟਾਫ ਮੈਡਮ ਦੀ ਗਤੀਸ਼ੀਲ ਅਗਵਾਈ ਦੇ ਹੇਠ ਸਹਿਯੋਗੀ ਢੰਗ ਨਾਲ ਕਾਰਜ ਕਰਦੇ ਹੋਏ ਤਰੱਕੀਆਂ ਹਾਸਲ ਕਰੇਗਾ। ਪ੍ਰਿੰਸੀਪਲ ਸਾਹਿਬਾਂ ਨੇ ਚੱਲ ਰਹੀਆਂ ਪ੍ਰੀਖਿਆਵਾਂ ਦੇ ਬਾਰੇ ਚ ਰਜਿਸਟਰਾਰ ਨਾਲ ਗੱਲਬਾਤ ਕੀਤੀ ਅਤੇ ਪ੍ਰੀਖਿਆ ਸੈਂਟਰਾਂ ਦਾ ਵੀ ਦੌਰਾ ਕੀਤਾ ਉਨਾ ਕਾਲਜ ਦੇ ਵੱਖ ਵੱਖ ਕਾਰਜਾਂ ਬਾਰੇ ਜਾਣਕਾਰੀ ਲਈ ਅਤੇ ਵਿਚਾਰ ਵਟਾਂਦਰਾ ਕਰਦੇ ਹੋਏ ਭਵਿੱਖਤ ਕਾਰਜਾਂ ਦੀ ਰੂਪਬੰਦੀ ਕੀਤੀ। ਦਾਖਲਾ ਪ੍ਰਕਿਰਿਆ ਬਾਰੇ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰਿੰਸੀਪਲ ਸਾਹਿਬਾ ਦੇ ਅਹੁਦਾ ਸੰਭਾਲਣ ਵੇਲੇ ਉਨ੍ਹਾਂ ਦੇ ਹਮਸਫਰ ਸਰਦਾਰ ਕਮਲਜੀਤ ਸਿੰਘ ਅਤੇ ਉਹਨਾਂ ਦੇ ਸਪੁੱਤਰ ਸਰਦਾਰ ਸੁਖਨਿਧਾਨ ਸਿੰਘ ਤੋਂ ਇਲਾਵਾ ਉਨਾ ਦੇ ਪਿਛਲੇ ਕਾਲਜ ਦੇ ਸਹਿਕਰਮੀ ਮੈਡਮ ਜਸਪ੍ਰੀਤ ਖੁਰਾਨਾ, ਮੈਡਮ ਕਿਰਨ ਗੁਪਤਾ, ਮੈਡਮ ਮਨਦੀਪ, ਡਾਕਟਰ ਯੋਗੇਸ਼ ਸ਼ਰਮਾ, ਡਾਕਟਰ ਨਿਮਿਤਾ ਸ਼ਰਮਾ, ਅਤੇ ਡਾਕਟਰ ਚਰਨਜੀਤ ਸਿੰਘ ਨੇ ਸ਼ਾਮਲ ਹੋ ਕੇ ਪ੍ਰਿੰਸੀਪਲ ਸਾਹਿਬਾ ਨੂੰ ਵਧਾਈ ਦਿੱਤੀ। ਕਾਲਜ ਦੇ ਐਨ.ਸੀ.ਸੀ ਕੈਡਿਟਾ ਵੱਲੋਂ ਉਨਾਂ ਦਾ ਸਵਾਗਤ ਕਰਦੇ ਹੋਏ ਉਹਨਾਂ ਨੂੰ ਪ੍ਰਿੰਸੀਪਲ ਦਫਤਰ ਵਿੱਚ ਸਨਮਾਨ ਸਹਿਤ ਲਿਜਾਇਆ ਗਿਆ।ਕਾਲਜ ਸਟਾਫ ਚੋਂ ਅਸਿਸਟੈਂਟ ਪ੍ਰੋਫੈਸਰ ਹਰਗੁਰਪ੍ਰਤਾਪ ਸਿੰਘ,ਅਸਿਸਟੈਂਟ ਪ੍ਰੋਫੈਸਰ ਵਨੀਤ ਕੁਮਾਰ, ਅਸਿਸਟੈਂਟ ਪ੍ਰੋਫੈਸਰ ਅਲੋਕ ਕੁਮਾਰ ਸ਼ੁਕਲਾ, ਮੈਡਮ ਸ਼ੈਲੀ ਦੀਵਾਨ, ਅਸਸਿਸਟੈਂਟ ਪ੍ਰੋਫੈਸਰ ਅਮਨਦੀਪ ਸਿੰਘ, ਅਸਿਸਟੈਂਟ ਪ੍ਰੋਫੈਸਰ ਮੁ. ਇਰਫਾਨ,ਅਸਿਸਟੈਂਟ ਪ੍ਰੋਫੈਸਰ ਗੁਰਤੇਜ ਸਿੰਘ, ਡਾਕਟਰ ਪੂਜਾ ਰਾਣੀ, ਮੈਡਮ ਮੈਰੀ ਨਿਚਾਲ, ਸ੍ਰੀ ਪੁਸ਼ਪਿੰਦਰ ਸਿੰਘ ਜੀ, ਸ਼੍ਰੀਮਤੀ ਮੰਜੂ ਸ਼ਰਮਾ, ਸ੍ਰੀ ਪ੍ਰਕਾਸ਼ ਗਰਗ, ਸ਼੍ਰੀਮਤੀ ਸਤਨਾਮ ਕੌਰ,ਸ੍ਰੀ ਮੁਹੰਮਦ ਅਨੀਸ, ਸ੍ਰੀ ਉਮਰਦੀਨ ਜੀ, ਸ੍ਰੀ ਮੁਹੰਮਦ ਨਸਰ, ਸ਼੍ਰੀਮਤੀ ਸਿੰਦਰ ਕੌਰ,ਫਕੀਰ ਮੁਹੰਮਦ ਬੱਗਾ ਨੇ ਜੀ ਆਇਆ ਆਖਿਆ।

## ਪੰਜਾਬ ਦੇ ਖੇਤੀਬਾੜੀ ਮੰਤਰੀ ਨੇ ਪੀ.ਏ.ਯੂ. ਦੇ ਸੱਭਿਆਚਾਰਕ ਅਜਾਇਬ ਘਰ ਦਾ ਦੌਰਾ ਕੀਤਾ

### ਖੇਤੀ ਖੋਜ ਦੇ ਨਾਲ ਸੱਭਿਆਚਾਰ ਦੀ ਸਾਂਭ-ਸੰਭਾਲ ਪੀ.ਏ.ਯੂ. ਦਾ ਖਾਸੀਅਤ: ਸ. ਖੁੱਡੀਆਂ

ਲੁਧਿਆਣਾ 20 ਮਈ : ਪੰਜਾਬ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਪੀ.ਏ.ਯੂ. ਵਿਖੇ ਸਥਾਪਿਤ ਪੇਂਡੂ ਜੀਵਨ ਅਤੇ ਸੱਭਿਆਚਾਰ ਦੇ ਅਜਾਇਬ ਘਰ ਦਾ ਵਿਸ਼ੇਸ਼ ਦੌਰਾ ਕੀਤਾ| ਦੌਰੇ ਦੌਰਾਨ ਖੇਤੀਬਾੜੀ ਮੰਤਰੀ ਨੇ ਪੰਜਾਬ ਦੇ ਕਿਸਾਨੀ ਸੱਭਿਆਚਾਰ ਦੇ ਇਤਿਹਾਸਕ ਰਖ-ਰਖਾਵ ਲਈ ਯੂਨੀਵਰਸਿਟੀ ਵੱਲੋਂ ਸਥਾਪਿਤ ਕੀਤੇ ਇਸ ਸ਼ਾਨਦਾਰ ਸਮਾਰਕ ਦੀ ਸ਼ਲਾਘਾ ਕੀਤੀ| ਸ. ਖੁੱਡੀਆਂ ਨੇ ਕਿਹਾ ਕਿ ਪੀ.ਏ.ਯੂ. ਨੇ ਜਿੱਥੇ ਇਕ ਪਾਸੇ ਖੇਤੀ ਖੋਜ ਅਤੇ ਪਸਾਰ ਨੂੰ ਨਵੀਆਂ ਦਿਸ਼ਾਵਾਂ ਦਿੱਤੀਆਂ, ਖੇਤੀ ਵਿਗਿਆਨੀ ਪੈਦਾ ਕੀਤੇ ਅਤੇ ਦੇਸ਼ ਲਈ ਵਾਧੂ ਅਨਾਜ ਭਰਨ ਦਾ ਮੁੱਢ ਬੰਨਿਆ ਉੱਥੇ ਪੰਜਾਬ ਦੇ ਕਿਸਾਨੀ ਇਤਿਹਾਸ ਨੂੰ ਸੱਭਿਆਚਾਰ ਦੇ ਰੂਪ ਵਿਚ ਸੰਭਾਲਣ ਦਾ ਵੱਡਮੁੱਲਾ ਕਾਰਜ ਵੀ ਕੀਤਾ ਹੈ| ਉਹਨਾਂ ਪੁਰਾਤਨ ਪੰਜਾਬ ਦੇ ਕਿੱਤਿਆਂ, ਬਰਤਨਾਂ, ਵਸਤਰਾਂ ਅਤੇ ਖੇਤੀ ਔਜ਼ਾਰਾਂ ਨੂੰ ਗਹੁ ਨਾਲ ਵਾਚਿਆ ਅਤੇ ਇਸ ਗੱਲ ਉੱਪਰ ਖੁਸ਼ੀ ਪ੍ਰਗਟਾਈ ਕਿ ਇਸ ਇਮਾਰਤ ਵਿਚ ਪੰਜਾਬ ਦਾ ਬੀਤੀਆਂ ਕਈ ਸਦੀਆਂ ਦਾ ਇਤਿਹਾਸ ਸਮੋਇਆ ਹੋਇਆ ਹੈ| ਸ. ਖੁੱਡੀਆਂ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਇਸ ਥਾਂ ਲਿਆ ਕੇ ਉਹਨਾਂ ਦੇ ਅਮੀਰ ਵਿਰਸੇ ਤੋਂ ਜਾਣੂੰ ਕਰਵਾਉਣ ਦਾ ਕਾਰਜ ਕਰਨ|







ਇਸ ਮੌਕੇ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਇਸ ਅਜਾਇਬ ਘਰ ਦੀ ਸਥਾਪਨਾ ਦੇ ਉਦੇਸ਼ ਬਾਰੇ ਗੱਲ ਕੀਤੀ| ਉਹਨਾਂ ਕਿਹਾ ਕਿ ਡਾ. ਰੰਧਾਵਾ ਦੇ ਕਾਰਜਕਾਲ ਦੌਰਾਨ ਇਸ ਅਜਾਇਬ ਘਰ ਦੀ ਨੀਂਹ ਰੱਖੀ ਗਈ ਸੀ ਪਰ ਬੀਤੇ ਛੇ ਦਹਾਕਿਆਂ ਦੌਰਾਨ ਇਸਨੂੰ ਅਜੋਕਾ ਰੂਪ ਦੇਣ ਲਈ ਨਿਰੰਤਰ ਯਤਨ ਚਲਦੇ ਰਹੇ| ਡਾ. ਗੋਸਲ ਨੇ ਕਿਹਾ ਕਿ ਓਨੀ ਦੇਰ ਤੱਕ ਸੁਝਵਾਨ ਪੀੜੀਆਂ ਦੀ ਸਿਰਜਣਾ ਨਹੀਂ ਹੋ ਸਕਦੀ ਜਦੋਂ ਤੱਕ ਭਵਿੱਖ ਦੇ ਲੋਕਾਂ ਨੂੰ ਇਤਿਹਾਸ ਬਾਰੇ ਜਾਨਣ ਦਾ ਵਸੀਲਾ ਨਾ ਬਣਾਇਆ ਜਾਵੇ| ਇਹ ਅਜਾਇਬ ਘਰ ਸਾਡੇ ਇਤਿਹਾਸ ਵੱਲ ਖੁੱਲਦੀ ਖਿੜਕੀ ਹੈ ਜਿਸ ਵਿੱਚੋਂ ਸਾਡੇ ਬਜ਼ੁਰਗਾਂ ਦੀ ਘਾਲੀ ਘਾਲਣਾ ਦੇ ਝਲਕਾਰੇ ਮਿਲਦੇ ਹਨ|

ਖੇਤੀਬਾੜੀ ਮੰਤਰੀ ਦੇ ਇਸ ਦੌਰੇ ਦੌਰਾਨ ਅਪਰ ਨਿਰਦੇਸ਼ਕ ਸੰਚਾਰ ਡਾ. ਤੇਜਿੰਦਰ ਸਿੰਘ ਰਿਆੜ ਨੇ ਇਸ ਅਜਾਇਬ ਘਰ ਨੂੰ ਪੰਜਾਬ ਸਰਕਾਰ ਦੇ ਸੈਰ ਸਪਾਟਾ ਮੰਤਰਾਲੇ ਵੱਲੋਂ ਵਿਸ਼ੇਸ਼ ਯਾਤਰੂ ਸਥਾਨ ਵਜੋਂ ਮਾਨਤਾ ਦੇਣ ਅਤੇ ਉਸ ਤੋਂ ਬਾਅਦ ਇਸਦੇ ਸੁੰਦਰੀਕਰਨ ਲਈ ਹੋਏ ਕਾਰਜਾਂ ਦਾ ਉਲੇਖ ਕੀਤਾ| ਡਾ. ਰਿਆੜ ਨੇ ਦੱਸਿਆ ਕਿ ਬੀਤੇ ਕੁਝ ਸਮੇਂ ਵਿਚ ਹੀ ਲੱਖਾਂ ਦੀ ਗਿਣਤੀ ਵਿਚ ਸਕੂਲੀ ਵਿਦਿਆਰਥੀਆਂ ਨੇ ਇਸ ਅਜਾਇਬ ਘਰ ਨੂੰ ਆਪਣੇ ਅਧਿਆਪਕਾਂ ਨਾਲ ਆ ਕੇ ਦੇਖਿਆ ਹੈ| ਉਹਨਾਂ ਨੇ ਅਜਾਇਬ ਘਰ ਵਿਚ ਸਥਾਪਿਤ ਵੱਖ-ਵੱਖ ਵਸਤੂਆਂ ਅਤੇ ਘਰੇਗੀ ਸਮਾਨ ਦੇ ਨਾਲ-ਨਾਲ ਖੇਤੀ ਦੇ ਔਜ਼ਾਰਾਂ ਬਾਰੇ ਵੀ ਜਾਣਕਾਰੀ ਦਿੱਤੀ|

ਇਸ ਮੌਕੇ ਪੀ.ਏ.ਯੂ.ਵਿਚ ਸਥਾਪਿਤ ਕਲਾਕ੍ਰਿਤਾਂ ਨਾਂ ਦੀ ਸੰਚਾਰ ਕੇਂਦਰ ਵੱਲੋਂ ਪ੍ਰਕਾਸ਼ਿਤ ਅਤੇ ਡਾ. ਜਗਵਿੰਦਰ ਸਿੰਘ ਅਤੇ ਡਾ. ਤੇਜਿੰਦਰ ਸਿੰਘ ਰਿਆੜ ਵੱਲੋਂ ਲਿਖੀ ਕਿਤਾਬ ਦੇ ਲੋਕ ਅਰਪਣ ਦੀ ਰਸਮ ਵੀ ਮਾਣਯੋਗ ਖੇਤੀਬਾੜੀ ਮੰਤਰੀ ਅਤੇ ਵਾਈਸ ਚਾਂਸਲਰ ਨੇ ਨਿਭਾਈ| ਇਸ ਕਿਤਾਬ ਵਿਚ ਪੀ.ਏ.ਯੂ. ਦੇ ਸਮਾਰਕਾਂ ਦੇ ਨਾਲ-ਨਾਲ ਇਤਿਹਾਸ ਕਲਾਕ੍ਰਿਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਹੈ| ਸੰਪਾਦਕ ਪੰਜਾਬੀ ਡਾ. ਜਗਵਿੰਦਰ ਸਿੰਘ ਨੇ ਹਾਜ਼ਰ ਸ਼ਖਸੀਅਤਾਂ ਦਾ ਧੰਨਵਾਦ ਕੀਤਾ| ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਨਿਰਮਲ ਜੌੜਾ ਅਤੇ ਉੱਘੇ ਪੱਤਰਕਾਰ ਤੋਤਾ ਸਿੰਘ ਦੀਨਾ ਸਮੇਤ ਪੀ.ਏ.ਯੂ. ਦੇ ਸੰਚਾਰ ਕੇਂਦਰ ਦੇ ਮੁਲਾਜ਼ਮ ਮੌਜੂਦ ਸਨ|

## ਪੰਜਾਬ ਸਰਕਾਰ ਵਲੋਂ ਪੰਜਾਬ ਦੇ ਕਾਲਜਾਂ ਨੂੰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਅਧੀਨ ਸੈਂਟਰ ਬਣਨ ਲਈ ਪੱਤਰ ਜਾਰੀ

### ਯੂਨੀਵਰਸਿਟੀ ਵਲੋਂ ਸੈਂਟਰ ਬਣਾਉਣ ਦੀ ਅਧਿਕਾਰਿਤ ਪ੍ਰਕਿਰਿਆ ਸ਼ੁਰੂ

ਪਟਿਆਲਾ, 20 ਮਈ:ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੇ ਬੁਲਾਰੇ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਵਲੋਂ ਪੰਜਾਬ ਦੇ ਕਾਲਜਾਂ ਨੂੰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਅਧੀਨ ਸੈਂਟਰ ਬਣਨ ਲਈ ਪੱਤਰ ਜਾਰੀ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਯੂਨੀਵਰਸਿਟੀ ਵਲੋਂ ਸੈਂਟਰ ਬਣਾਉਣ ਦੀ ਅਧਿਕਾਰਿਤ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਜਿਕਰਯੋਗ ਹੈ ਕਿ ਪਟਿਆਲਾ ਵਿਖੇ ਸਥਿਤ ਇਹ ਯੂਨੀਵਰਸਿਟੀ ਪੰਜਾਬ ਦੀ ਪਹਿਲੀ ਸਰਕਾਰੀ ਓਪਨ ਯੂਨੀਵਰਸਿਟੀ ਹੈ ਜੋ ਸਮੁੱਚੇ ਪੰਜਾਬ ਦੇ ਵਿਚ ਵਿਦਿਆ ਮੁਹਈਆ ਕਰਵਾ ਰਹੀ ਹੈ।

ਬੁਲਾਰੇ ਨੇ ਦੱਸਿਆ ਕਿ ਯੂਨੀਵਰਸਿਟੀ ਦੀ ਵੱਧਦੀ ਲੋਕ ਪ੍ਰਿਯਤਾ ਨੂੰ ਧਿਆਨ ਵਿਚ ਰੱਖਦਿਆਂ ਹੋਇਆ ਪੰਜਾਬ ਸਰਕਾਰ ਦੇ ਉਚੇਰੀ ਸਿਖਿਆ ਵਿਭਾਗ, ਪੰਜਾਬ ਦੇ ਕਾਲਜ ਐਜੂਕੇਸ਼ਨ ਸ਼ਾਖਾ ਵਲੋਂ ਪੰਜਾਬ ਦੇ ਸਮੂਹ ਸਰਕਾਰੀ / ਏਡਿਡ ਅਤੇ ਪ੍ਰਾਈਵੇਟ ਕਾਲਜਾਂ ਨੂੰ ਪੱਤਰ ਲਿਖ ਕੇ ਹਦਾਇਤ ਜਾਰੀ ਕੀਤੀ ਗਈ ਹੈ ਕਿ ਜੋ ਵੀ ਕਾਲਜ ਆਪਣੇ ਕਾਲਜ ਵਿਚ ਰੈਗੂਲਰ ਦੇ ਨਾਲ ਓਪਨ ਡਿਸਟੈਂਸ ਮੋਡ ਦੇ ਵਿਚ ਸਿੱਖਿਆ ਮੁਹਈਆ ਕਰਵਾਉਣਾ ਚਾਹੁੰਦੇ ਹਨ, ਉਹ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਨਾਲ ਜੁੜ ਕੇ ਯੂਨੀਵਰਸਿਟੀ ਦਾ ਲਰਨਰ ਸਪੋਰਟ ਸੈਂਟਰ ਬਣ ਸਕਦੇ ਹਨ।ਉਨ੍ਹਾਂ ਕਿਹਾ ਕਿ ਇਸ ਸਬੰਧੀ ਲੋੜੀਂਦੀ ਕਾਰਵਾਈ ਅਤੇ ਕਾਲਜਾਂ ਨੂੰ ਨਿਰਦੇਸ਼ ਜਾਰੀ ਕਰਨ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਰਜਿਸਟਰਾਰਾਂ ਨੂੰ ਵੀ ਦਿਸ਼ਾ-ਨਿਰਦੇਸ਼ਾਂ ਦੀਆਂ ਕਾਪੀਆਂ ਭੇਜ ਦਿੱਤੀਆਂ ਗਈਆਂ ਹਨ, ਤਾਂ ਜੋ ਰੈਗੂਲਰ ਪੜ੍ਹਾਈ ਦੇ ਨਾਲ-ਨਾਲ ਦੂਰਵਰਤੀ ਸਿੱਖਿਆ ਦਾ ਲਾਭ ਹਰ ਇੱਕ ਲੋੜਵੰਦ ਨੌਜਵਾਨ ਤੱਕ ਪਹੁੰਚਾਇਆ ਜਾ ਸਕੇ।

## ਪੀ.ਏ.ਯੂ. ਦੇ ਨਦੀਨਾਂ ਦੀ ਰੋਕਥਾਮ ਬਾਰੇ ਕੇਂਦਰ ਨੂੰ ਸਰਵੋਤਮ ਇਨਾਮ ਨਾਲ ਨਿਵਾਜ਼ਿਆ ਗਿਆ




ਲੁਧਿਆਣਾ 20 ਮਈ : ਪੀ.ਏ.ਯੂ. ਦੇ ਫ਼ਸਲ ਵਿਗਿਆਨ ਵਿਭਾਗ ਵਿਚ ਜਾਰੀ ਨਦੀਨ ਪ੍ਰਬੰਧਨ ਬਾਰੇ ਸਰਵ ਭਾਰਤੀ ਸਾਂਝੇ ਖੋਜ ਪ੍ਰੋਜੈਕਟ ਤਹਿਤ ਕੇਂਦਰ ਨੂੰ ਸਾਲ 2025-26 ਲਈ ਦੇਸ਼ ਦਾ ਸਰਵੋਤਮ ਕੇਂਦਰ ਐਲਾਨਿਆ ਗਿਆ ਹੈ| ਪ੍ਰੋਜੈਕਟ ਦੀ 33ਵੀਂ ਸਲਾਨਾ ਮੀਟਿੰਗ ਦੌਰਾਨ ਇਹ ਐਵਾਰਡ ਕੇਂਦਰ ਨੂੰ ਪ੍ਰਦਾਨ ਕੀਤਾ ਗਿਆ| ਗਰੁੱਪ ਦੀ ਇਹ ਮੀਟਿੰਗ ਇੰਦਰਾ ਗਾਂਧੀ ਕ੍ਰਿਸ਼ੀ ਵਿਸ਼ਵਵਿਦਿਆਲਾ ਰਾਇਪੁਰ ਵਿਖੇ ਆਈ ਸੀ ਏ ਆਰ ਦੇ ਨਦੀਨ ਰੋਕਥਾਮ ਡਾਇਰੈਕਟੋਰੇਟ ਜਬਲਪੁਰ ਵੱਲੋਂ ਬੀਤੇ ਦਿਨੀਂ ਆਯੋਜਿਤ ਕੀਤੀ ਗਈ ਸੀ|

ਮੀਟਿੰਗ ਦੇ ਉਦਘਾਟਨੀ ਸੈਸ਼ਨ ਵਿਚ ਆਈ ਸੀ ਏ ਆਰ ਦੇ ਉਪ ਨਿਰਦੇਸ਼ਕ ਜਨਰਲ ਡਾ. ਏ ਕੇ ਨਾਇਕ, ਡਾ. ਰਾਕੇਸ਼ ਕੁਮਾਰ, ਜਬਲਪੁਰ ਕੇਂਦਰ ਦੇ ਨਿਰਦੇਸ਼ਕ ਡਾ. ਜੇ ਐੱਸ ਮਿਸ਼ਰਾ ਅਤੇ ਇੰਦਰਾ ਗਾਂਧੀ ਕ੍ਰਿਸ਼ੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਗਿਰੀਸ਼ ਚੰਦੇਲ ਪ੍ਰਧਾਨਗੀ ਮੰਡਲ ਵਿਚ ਮੌਜੂਦ ਸਨ| ਪੀ.ਏ.ਯੂ. ਵੱਲੋਂ ਡਾ. ਪਰਵਿੰਦਰ ਕੌਰ ਅਤੇ ਡਾ. ਜਸਵੀਰ ਸਿੰਘ ਗਿੱਲ ਨੇ ਇਹ ਪੁਰਸਕਾਰ ਅਤੇ ਪ੍ਰਧਾਨਗੀ ਮੰਡਲ ਦੀ ਪ੍ਰਸ਼ੰਸ਼ਾ ਕਬੂਲ ਕੀਤੀ|

ਇਸ ਪੁਰਸਕਾਰ ਨਾਲ ਖੋਜ ਪ੍ਰੋਜੈਕਟ ਤਹਿਤ ਪੀ.ਏ.ਯੂ. ਦੇ ਫਸਲ ਵਿਗਿਆਨ ਵਿਭਾਗ ਵੱਲੋਂ ਨਦੀਨਾਂ ਦੀ ਰੋਕਥਾਮ ਕਰਕੇ ਮੁੱਖ ਫ਼ਸਲਾਂ ਰਾਹੀਂ ਮੁਨਾਫ਼ੇ ਦੇ ਖੇਤਰ ਵਿਚ ਕੀਤੇ ਜਾ ਰਹੇ ਕੰਮ ਨੂੰ ਮਾਣਤਾ ਮਿਲੀ ਹੈ| ਵਿਸ਼ੇਸ਼ ਤੌਰ ਤੇ ਕੇਂਦਰ ਵੱਲੋਂ ਸਿੱਧੀ ਬਿਜਾਈ ਵਾਲੇ ਝੋਨੇ ਵਿਚ ਨਦੀਨਾਂ ਦੀ ਰੋਕਥਾਮ ਲਈ ਉੱਘਾ ਕਾਰਜ ਕੀਤਾ ਜਾ ਰਿਹਾ ਹੈ| ਵਿਭਾਗ ਵੱਲੋਂ ਸਿਖਲਾਈਆਂ, ਖੇਤ ਪ੍ਰਦਰਸ਼ਨ, ਜਾਗਰੂਕਤਾ ਮੁਹਿੰਮਾਂ ਅਤੇ ਪਸਾਰ ਗਤੀਵਿਧੀਆਂ ਨਾਲ ਕਿਸਾਨਾਂ ਨੂੰ ਜਾਗਰੂਕ ਕਰਨ ਦਾ ਕਾਰਜ ਜਾਰੀ ਹੈ| ਵੱਖ-ਵੱਖ ਫ਼ਸਲਾਂ ਲਈ 25 ਨਦੀਨ ਰੋਕੂ ਸਿਫ਼ਾਰਸ਼ਾਂ ਦੇ ਨਾਲ-ਨਾਲ ਕੇਂਦਰ ਵੱਲੋਂ ਨਾਸ ਰੇਟਡ 64 ਪ੍ਰਕਾਸ਼ਨਾਵਾਂ ਸਾਹਮਣੇ ਆਈਆਂ| ਨਾਲ ਹੀ 11 ਤਕਨੀਕੀ ਬੁਲਿਟਨ, 6 ਕਿਤਾਬਾਂ ਦੇ ਅਧਿਆਇ ਅਤੇ 35 ਮਕਬੂਲ ਲੇਖਾਂ ਸਮੇਤ 12 ਪੋਸਟ ਗ੍ਰੈਜੂਏਟ ਵਿਦਿਆਰਥੀਆਂ ਦੀ ਖੋਜ ਵੀ ਵਿਸ਼ੇ ਵੱਲ ਸੇਧਤ ਰਹੀ|

ਇਸ ਟੀਮ ਨੂੰ ਵਧਾਈ ਦਿੰਦਿਆਂ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ, ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ, ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਅਤੇ ਵਿਭਾਗ ਦੇ ਮੁਖੀ ਡਾ. ਹਰੀ ਰਾਮ ਨੇ ਹੋਰ ਬਿਹਤਰ ਕਾਰਜ ਲਈ ਟੀਮ ਨੂੰ ਪ੍ਰੇਰਿਤ ਕੀਤਾ|

## "ਮੇਰੀ ਰਸੋਈ" ਸਕੀਮ ਨਾਲ ਗਰੀਬ ਅਤੇ ਲੋੜਵੰਦ ਪਰਿਵਾਰਾਂ ਨੂੰ ਮਿਲ ਰਿਹਾ ਸਹਾਰਾ – ਡਾ ਬਲਬੀਰ ਸਿੰਘ

### ਸਿਹਤ ਮੰਤਰੀ ਨੇ ਪਟਿਆਲਾ ' ਚ ਰਾਸ਼ਨ ਕਿੱਟਾਂ ਵੰਡ ਕੇ ਕੀਤੀ ਮੇਰੀ ਰਸੋਈ ਦੀ ਸ਼ੁਰੂਆਤ

ਪਟਿਆਲਾ 20 ਮਈ:ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਤਹਿਤ ਅੱਜ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੇ ਪਟਿਆਲਾ ਦੇ ਦਸਮੇਸ਼ ਨਗਰ ਵਿਖੇ "ਮੇਰੀ ਰਸੋਈ" ਸਕੀਮ ਅਧੀਨ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ। ਇਸ ਮੌਕੇ ਕਰੀਬ 500 ਪਰਿਵਾਰਾਂ ਨੂੰ ਰੋਜ਼ਾਨਾ ਦੀ ਵਰਤੋਂ ਵਾਲੀਆਂ ਰਾਸ਼ਨ ਸਮੱਗਰੀ ਨਾਲ ਭਰੀਆਂ ਕਿੱਟਾਂ ਮੁਹੱਈਆ ਕਰਵਾਈਆਂ ਗਈਆਂ।





ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਪਰਿਵਾਰ ਆਪਣੇ ਆਪ ਨੂੰ ਇਕੱਲਾ, ਬੇਸਹਾਰਾ ਜਾਂ ਲਾਚਾਰ ਨਾ ਸਮਝੇ। ਪੰਜਾਬ ਸਰਕਾਰ ਸੂਬੇ ਦੇ ਹਰ ਨਾਗਰਿਕ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

ਸਿਹਤ ਮੰਤਰੀ ਨੇ ਕਿਹਾ ਕਿ "ਮੇਰੀ ਰਸੋਈ" ਸਕੀਮ ਦਾ ਮਕਸਦ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਲੋੜਵੰਦ ਪਰਿਵਾਰਾਂ ਦੀ ਮਦਦ ਕਰਨਾ ਹੈ ਤਾਂ ਜੋ ਉਹਨਾਂ ਨੂੰ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਅਜਿਹੀਆਂ ਹੋਰ ਵੀ ਕਈ ਸਕੀਮਾਂ ਸਫਲਤਾਪੂਰਵਕ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਸਿੱਧਾ ਲਾਭ ਆਮ ਲੋਕਾਂ ਤੱਕ ਪਹੁੰਚ ਰਿਹਾ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸਿਰਫ਼ ਐਲਾਨਾਂ ਤੱਕ ਸੀਮਿਤ ਨਹੀਂ, ਸਗੋਂ ਜ਼ਮੀਨੀ ਪੱਧਰ 'ਤੇ ਲੋਕਾਂ ਦੀ ਸੇਵਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਮਕਸਦ ਹਰ ਘਰ ਤੱਕ ਸੁਵਿਧਾਵਾਂ ਪਹੁੰਚਾਉਣਾ ਅਤੇ ਸਮਾਜ ਦੇ ਹਰ ਵਰਗ ਨੂੰ ਨਾਲ ਲੈ ਕੇ ਤਰੱਕੀ ਦੇ ਰਾਹ 'ਤੇ ਅੱਗੇ ਵਧਣਾ ਹੈ।

ਇਸ ਮੌਕੇ ਇਲਾਕਾ ਨਿਵਾਸੀਆਂ ਨੇ ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਸਹਾਇਤਾ ਲਈ ਧੰਨਵਾਦ ਕਰਦਿਆਂ ਕਿਹਾ ਕਿ "ਮੇਰੀ ਰਸੋਈ" ਵਰਗੀਆਂ ਯੋਜਨਾਵਾਂ ਲੋੜਵੰਦ ਲੋਕਾਂ ਲਈ ਵੱਡਾ ਸਹਾਰਾ ਸਾਬਤ ਹੋ ਰਹੀਆਂ ਹਨ। ਲੋਕਾਂ ਨੇ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਇਹ ਉਪਰਾਲੇ ਸਮਾਜ ਵਿੱਚ ਸਾਂਝ ਅਤੇ ਭਰੋਸੇ ਨੂੰ ਹੋਰ ਮਜ਼ਬੂਤ ਕਰ ਰਹੇ ਹਨ।

ਇਸ ਮੌਕੇ ਜਸਵੀਰ ਸਿੰਘ ਗਾਂਧੀ, ਚਰਨਜੀਤ ਸਿੰਘ ਐਸ ਕੇ, ਗਜਨ ਸਿੰਘ ਤੋਂ ਇਲਾਵਾ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਲਾਭਪਾਤਰੀ ਮੌਜੂਦ ਸਨ।

## ਪੀ.ਆਰ.ਟੀ.ਸੀ ਦੇ ਐਮ.ਡੀ ਮਨੀਸ਼ਾ ਰਾਣਾ ਵੱਲੋਂ ਪੀ.ਆਰ.ਟੀ.ਸੀ. ਨਵੇਂ ਬੱਸ ਸਟੈਂਡ ਤੇ ਵਰਕਸ਼ਾਪ ਦਾ ਦੌਰਾ

### ਪੀ.ਆਰ.ਟੀ.ਸੀ ਦੀ ਮਾਲਕੀ ਵਾਲੀਆਂ ਮਿੰਨੀ ਤੇ ਵੱਡੀਆਂ ਬੱਸਾਂ ਛੇਤੀ ਹੀ ਪੀ.ਆਰ.ਟੀ.ਸੀ ਬੇੜੇ 'ਚ ਸ਼ਾਮਿਲ ਹੋਣਗੀਆਂ- ਮਨੀਸ਼ਾ ਰਾਣਾ



ਪਟਿਆਲਾ, 20 ਮਈ:ਪੀ.ਆਰ.ਟੀ.ਸੀ. ਦੇ ਮੈਨੇਜਿੰਗ ਡਾਇਰੈਕਟਰ ਮਨੀਸ਼ਾ ਰਾਣਾ ਨੇ ਪਟਿਆਲਾ ਦੇ ਨਵੇਂ ਬੱਸ ਸਟੈਂਡ ਅਤੇ ਵਰਕਸ਼ਾਪ ਦਾ ਦੌਰਾ ਕੀਤਾ। ਉਨ੍ਹਾਂ ਇਸ ਮੌਕੇ ਪਟਿਆਲਾ ਡਿਪੂ ਵਿੱਚ ਬਰਾਂਚ ਵਾਈਜ ਕੰਮ-ਕਾਜ਼ ਦੀ ਸਮੀਖਿਆ ਕੀਤੀ। ਇਸ ਦੌਰੇ ਦੌਰਾਨ ਮੈਨੇਜਿੰਗ ਡਾਇਰੈਕਟਰ ਨੇ ਸਮੂਹ ਬ੍ਰਾਂਚਾਂ ਦੇ ਇੰਚਾਰਜਾਂ ਤੋਂ ਉਨ੍ਹਾਂ ਦੇ ਅਧੀਨ ਚੱਲ ਰਹੇ ਕੰਮਾਂ ਸਬੰਧੀ ਜਾਣਕਾਰੀ ਲਈ ਅਤੇ ਦਫ਼ਤਰੀ ਕੰਮ ਨੂੰ ਹੋਰ ਸੁਚਾਰੂ ਢੰਗ ਨਾਲ ਕਰਨ ਲਈ ਪ੍ਰੇਰਿਤ ਕੀਤਾ।

ਮਨੀਸ਼ਾ ਰਾਣਾ ਨੇ ਇਸ ਮੌਕੇ ਦੱਸਿਆ ਕਿ ਪੀ.ਆਰ.ਟੀ.ਸੀ. ਦੀ ਆਮਦਨ ਵਿੱਚ ਹੋਰ ਇਜਾਫਾ ਕਰਨ ਲਈ ਆਉਣ ਵਾਲੇ ਸਮੇਂ ਵਿੱਚ ਪੀ.ਆਰ.ਟੀ.ਸੀ ਦੀ ਆਪਣੀ ਮਾਲਕੀ ਵਾਲੀਆਂ ਮਿੰਨੀ ਅਤੇ ਵੱਡੀਆਂ ਬੱਸਾਂ ਛੇਤੀ ਹੀ ਪੀ.ਆਰ.ਟੀ.ਸੀ. ਦੇ ਬੇੜੇ ਵਿੱਚ ਸ਼ਾਮਿਲ ਕੀਤੀਆਂ ਜਾ ਰਹੀਆਂ ਹਨ।

ਐਮ ਡੀ ਮਨੀਸ਼ਾ ਰਾਣਾ ਨੇ ਯੂਨੀਅਨਾਂ ਦੀਆਂ ਮੰਗਾਂ ਸਬੰਧੀ ਜਾਣਕਾਰੀ ਲਈ ਅਤੇ ਇਨ੍ਹਾਂ ਦਾ ਨਿਪਟਾਰਾ ਕਰਨ ਲਈ ਸੁਝਾਅ ਵੀ ਲਏ। ਉਨ੍ਹਾਂ ਨੇ ਮੁਲਾਜਮਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਹੋਰ ਨਵਾਂ ਆਰ.ਓ. ਲਗਾਉਣ ਦੇ ਨਿਰਦੇਸ਼ ਦਿੱਤੇ। ਇਸ ਦੇ ਨਾਲ ਹੀ ਉਨ੍ਹਾਂ ਨੇ ਡਿਪੂ ਦੇ ਵਰਕਸ਼ਾਪ ਅਤੇ ਓਪਰੇਸ਼ਨ ਸਟਾਫ ਨੂੰ ਹੋਰ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਲਈ ਪ੍ਰੇਰਿਆ ਤਾਂ ਜੋ ਪੀ.ਆਰ.ਟੀ.ਸੀ. ਆਮ ਜਨਤਾ ਨੂੰ ਨਿਰੰਤਰ ਸਫਰ ਸਹੂਲਤ ਪ੍ਰਦਾਨ ਕਰ ਸਕੇ।

ਐਮ.ਡੀ. ਰਾਣਾ ਨੇ ਨਵੇਂ ਬੱਸ ਸਟੈਂਡ ਦਾ ਮੌਕਾ ਦੇਖਿਆ ਅਤੇ ਇੱਥੇ ਮੌਜੂਦ ਸਵਾਰੀਆਂ ਨਾਲ ਗੱਲਬਾਤ ਕਰਕੇ ਫੀਡਬੈਕ ਹਾਸਲ ਕੀਤੀ ਅਤੇ ਉਨ੍ਹਾਂ ਨੇ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਸਵਾਰੀਆਂ ਦੀ ਸਹੂਲਤ ਲਈ ਬੱਸ ਸਟੈਂਡ ਵਿਖੇ ਹੋਰ ਨਵਾਂ ਆਰ.ਓ. ਲਗਾਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਉਨ੍ਹਾਂ ਨੇ ਬੱਸ ਅੱਡੇ ਦੀ ਸਾਫ ਸਫਾਈ, ਪਖਾਨਿਆਂ ਅਤੇ ਬੱਸ ਸਟੈਂਡ ਵਿਖੇ ਸਵਾਰੀਆਂ ਦੀ ਸਹੂਲਤ ਲਈ ਲਗਾਏ ਗਏ ਪੱਖਿਆ ਸਬੰਧੀ ਤਸੱਲੀ ਪ੍ਰਗਟਾਈ।

ਇਸ ਮੌਕੇ ਪੀ.ਆਰ.ਟੀ.ਸੀ. ਪਟਿਆਲਾ ਡਿਪੂ ਦੇ ਜਨਰਲ ਮੈਨੇਜਰ ਇੰਜ. ਜਤਿੰਦਰਪਾਲ ਸਿੰਘ ਗਰੇਵਾਲ, ਲੇਖਾ ਅਧਿਕਾਰੀ ਧਰਵਿੰਦਰ ਸਹਿਗਲ, ਪਰਮਜੀਤ ਕੌਰ ਸੁਪਰਡੰਟ ਅਤੇ ਡਿਪੂ ਦੇ ਹੋਰ ਅਧਿਕਾਰੀ ਵੀ ਮੌਜੂਦ ਰਹੇ।

## ਮੇਰਾ ਸੁਰਵੰਤਾ ਸੁਰਾਂਗਲਾ ਸੱਜਣ ਸੁਰਿੰਦਰ ਛਿੰਦਾ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ


ਬਠਿੰਡਾ ਵਿੱਚ 2013 ਵਿੱਚ ਹੋਏ ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲੇ ਤੇ ਸੁਰਿੰਦਰ ਛਿੰਦਾ ਮੇਰੇ ਨਾਲ ਜਦ ਲਾਡੀਆਂ ਕਰ ਰਿਹਾ ਸੀ ਤਾਂ ਫੋਟੋ ਪੱਤਰਕਾਰ ਕੁਲਬੀਰ ਬੀਰਾ ਨੇ ਇਹ ਯਾਦਗਾਰੀ ਮੂਰਤ ਖਿੱਚੀ।

ਅੱਜ ਸੁਰਿੰਦਰ ਛਿੰਦਾ ਦਾ 73ਵਾ ਜਨਮ ਦਿਨ ਹੈ। ਜੇ ਉਹ ਦੋ ਸਾਲ ਪਹਿਲਾਂ ਨਾ ਵਿੱਛੜਦਾ ਤਾਂ ਹੁਣ ਤੀਕ ਤਿੰਨ ਚਾਰ ਫੋਨ ਆ ਜਾਣੇ ਸਨ।
ਦੇਖ ਲਉ ਬਾਈ ਜੀ,
18 ਦਿਨ ਵੱਡੇ ਹੋਣ ਦਾ ਲਾਹਾ ਨਾ ਲਉ। ਮੈਨੂੰ ਸਿਰਫ਼ ਤੁਸੀਂ ਤੇ ਬਿੱਲੇ ਨੇ ਹੀ ਜਨਮ ਦਿਨ ਮੁਬਾਰਕ ਨਹੀਂ ਕਿਹਾ। ਸਵੇਰ ਦੇ ਅੱਠ ਵੱਜ ਗਏ ਨੇ।
ਉਹ ਡਾਂਗ ਨਾਲ ਪਿਆਰ ਲੈਂਦਾ ਸੀ। ਘੂਰ ਕੇ ਹੀ ਪਿਆਰ ਦੇਂਦਾ ਤੇ ਉਵੇਂ ਹੀ ਮੋੜਵਾਂ ਲੈਂਦਾ। ਉਸ ਦੀ ਸਿੱਧ ਪੁੱਠ ਕੋਈ ਨਹੀਂ ਸੀ।
ਸਿੱਧਮ ਸਿੱਧਾ ਚੱਢਾ ਪਾਉਂਦਾ ਤੇ ਪੁਆਉਂਦਾ। ਅੱਜ ਵੱਖਰਾ ਦਿਨ ਹੈ ਉਸ ਬਗੈਰ। ਲੱਗਦਾ ਹੈ ਹੁਣੇ ਛੱਪਾ ਛਪ ਪੌੜੀਆਂ ਚੜ੍ਹਦਾ ਆਵੇਗਾ ਟਰੈਕ ਸੂਟ ਪਾਈ। ਕਹੇਗਾ! ਬਾਈ ਜੀ ਸਿੱਧਾ ਹੀ ਲੱਈਅਰ ਵੈਲੀ ਵਿੱਚੋਂ ਸੈਰ ਕਰਕੇ ਆਇਆਂ। ਆਸ਼ੂ ਨੇ ਨਰਕ ਹੀ ਕੱਢ ਦਿੱਤਾ, ਤੁਸੀਂ ਉਹਨੂੰ ਆਖਿਓ, ਛਿੰਦਾ ਤੇਰੇ ਤੇ ਬਹੁਤ ਖੁਸ਼ ਹੈ।
ਹੁਣ ਗੱਲ ਕਰੀਏ ਸੁਰਿੰਦਰ ਛਿੰਦਾ ਨਾਲ ਮੇਲ ਦੀ।
ਲੁਧਿਆਣਾ ਵਿਚ ਜਿੱਥੇ ਅੱਜ ਗੁਰੂ ਨਾਨਕ ਸਟੇਡੀਅਮ ਹੈ, ਰੜਾ ਮੈਦਾਨ ਹੁੰਦਾ ਸੀ ਜਿਸ ਨੂੰ ਰੱਖ ਬਾਗ ਕਹਿੰਦੇ ਸਨ। ਉੱਥੇ 51 ਸਾਲ ਪਹਿਲਾਂ ਉਸਤਾਦ ਜਸਵੰਤ ਭੰਵਰਾ ਦੇ ਸੰਗੀਤ ਵਿਚ ਸੁਰਿੰਦਰ ਛਿੰਦਾ ਨੇ ਬੜੀ ਬੁਲੰਦ ਆਵਾਜ਼ ਵਿਚ ਸਵਰਗੀ ਭੁੱਲਾ ਰਾਮ ਚੰਨ ਗੁਰਾਇਆ ਵਾਲੇ ਦਾ ਗੀਤ ਗਾਇਆ:
ਪੀਣ ਤੋਂ ਮੈਨੂੰ ਰੋਕ ਨਾ ਸਾਕੀ, ਯਾਦਾਂ ਉਸ ਦੀਆਂ ਕੂਕਦੀਆਂ।

ਆਵਾਜ਼ ਏਨੀ ਨਿਵੇਕਲੀ ਸੀ ਕਿ ਸਰੋਤਿਆਂ ਵਿਚ ਬੈਠੇ ਮੈਂ ਤੇ ਮੇਰਾ ਮਿੱਤਰ ਸ਼ਮਸ਼ੇਰ ਸਿੰਘ ਸੰਧੂ ਅਸ਼ ਅਸ਼ ਕਰ ਉੱਠੇ। ਸਾਡੀ ਵਾਹਵਾ ਸੁਣ ਕੇ ਅਗਲੀ ਪਾਲ ਵਿਚ ਬੈਠੇ ਸਿਰਕੱਢ ਗੀਤਕਾਰ ਬਾਬੂ ਸਿੰਘ ਮਾਨ ਨੇ ਵੀ ਸਾਡੀ ਤਾਈਦ ਕੀਤੀ।
ਲੁਧਿਆਣੇ ਘੰਟਾ ਘਰ ਚੌਂਕ ਸਥਿਤ ਨੈਸ਼ਨਲ ਮਿਊਜ਼ਿਕ ਕਾਲਜ ਵਿਚ ਹੀ ਉਦੋਂ ਪੰਜਾਬੀ ਸਾਹਿਤ ਸਭਾ ਲੁਧਿਆਣਾ ਦੀਆਂ ਇਕੱਤਰਤਾਵਾਂ ਹੁੰਦੀਆਂ ਸਨ, ਇਸ ਕਾਲਜ ਦੇ ਸੰਚਾਲਕ ਉਸਤਾਦ ਜਸਵੰਤ ਭੰਵਰਾ ਦੀ ਜੀਵਨ ਸਾਥਣ ਸੁਰਜੀਤ ਕੌਰ ਨੂਰ ਵੀ ਵਧੀਆ ਕਵਿੱਤਰੀ ਸੀ। ਉਨ੍ਹਾਂ ਦੀ ਮਹਿਮਾਨ ਨਵਾਜ਼ੀ ਮਾਣਦਿਆਂ ਹੀ ਸੁਰਿੰਦਰ ਛਿੰਦਾ ਨਾਲ ਮੁਲਾਕਾਤ ਹੋਈ।
ਹਮਉਮਰ ਹੋਣ ਕਾਰਨ ਅਸੀਂ ਦੋ ਤਿੰਨ ਮੁਲਾਕਾਤਾਂ ਵਿਚ ਹੀ ਖੁੱਲ੍ਹ ਗਏ। ਛਿੰਦਾ ਮੈਥੋਂ ਅਠਾਰਾਂ ਦਿਨ ਨਿੱਕਾ ਸੀ ਤੇ ਸ਼ਮਸ਼ੇਰ ਸਵਾ ਸਾਲ ਸਾਥੋਂ ਵੱਡਾ। ਸੁਰਿੰਦਰ ਛਿੰਦਾ ਨੇ ਦੱਸਿਆ ਕਿ ਉਹ ਡਿਵੀਜ਼ਨ ਨੰਬਰ ਤਿੰਨ ਲਾਗੇ ਨਿੰਮ ਵਾਲਾ ਚੌਂਕ ਵਿਚ ਰਹਿੰਦਾ ਹੈ, ਆਪਣੇ ਪਰਿਵਾਰ ਨਾਲ। ਉਸ ਦੇ ਵੱਡੇ ਵਡੇਰੇ ਕੁਝ ਸਮਾਂ ਪਹਿਲਾਂ ਹੀ ਅਯਾਲੀ ਖ਼ੁਰਦ (ਲੁਧਿਆਣਾ) ਤੋਂ ਸ਼ਹਿਰ ਆਣ ਵੱਸੇ ਸਨ। ਉਸ ਦੇ ਪਿਤਾ ਜੀ ਮਿਸਤਰੀ ਬਚਨਾ ਰਾਮ ਭਾਵੇਂ ਪੰਡਿਤ ਗੋਵਰਧਨ ਦਾਸ ਅਪਰੇ ਵਾਲਿਆਂ ਦੇ ਸ਼ਾਸਤਰੀ ਸੰਗੀਤ ਵਿਚ ਸ਼ਾਗਿਰਦ ਸਨ ਪਰ ਉਹ ਪਿਤਾ ਪੁਰਖੀ ਲੱਕੜ ਦੇ ਕਿਰਤ ਕਾਰੋਬਾਰ ਨਾਲ ਹੀ ਜੁੜੇ ਰਹੇ। ਜਦ ਕਦੇ ਰਿਆਜ਼ ਕਰਦੇ ਤਾਂ ਛਿੰਦਾ ਕੰਨ ਖੜ੍ਹੇ ਕਰ ਲੈਂਦਾ। ਹਾਰਮੋਨੀਅਮ ਦੀਆਂ ਸੁਰਾਂ ਨਾਲ ਖੇਡਦਾ ਉਹ ਸੁਰ ਇੰਦਰ ਬਣ ਗਿਆ। ਮਾਂ ਵਿਦਿਆ ਦੇਵੀ ਆਖਦੀ, "ਵੇ ਪੁੱਤ ਛਿੰਦਿਆ! ਮੇਰੇ ਨਾਮ ਦੀ ਲਾਜ ਵੀ ਰੱਖ। ਵਿਦਿਆ ਹਾਸਲ ਕਰ ਤੇ ਘਰ ਦੀ ਕੰਗਾਲੀ ਜੜ੍ਹੋਂ ਪੱਟ ਦੇ।"
ਇਹਾਤਾ ਸ਼ੇਰ ਜੰਗ ਤੋਂ ਪ੍ਰਾਇਮਰੀ ਪਾਸ ਕਰ ਕੇ ਉਹ ਸਰਕਾਰੀ ਮਲਟੀ ਪਰਪਜ਼ ਸਕੂਲੇ ਛੇਵੀਂ ਜਮਾਤ 'ਚ ਪੜ੍ਹਨ ਲੱਗਿਆ। ਇਥੇ ਉਸ ਦੇ ਰਾਜਿੰਦਰ ਸਿੰਘ ਬਸੰਤ ਤੇ ਜਗਰਾਉਂ ਵਿੱਚ ਬੀ ਕੇ ਗੈਸ ਕੰਪਨੀ ਦਾ ਮਾਲਕ ਡਾ. ਨਰਿੰਦਰ ਸਿੰਘ ਇੱਛਪੁਨਾਨੀ ਪੱਕੇ ਮਿੱਤਰ ਬਣੇ। ਮਰਦੇ ਦਮ ਤੀਕ ਨਿਭਣ ਵਾਲੇ। ਛਿੰਦਾ ਨੇ ਦੱਸਿਆ ਕਿ ਉਸ ਦੇ ਦਾਦਾ ਜੀ ਜੱਦੀ ਪਿੰਡ ਝਾਂਡੇ ਛੱਡ ਕੇ ਅਯਾਲੀ ਖ਼ੁਰਦ ਕਿਰਤ ਕਮਾਉਣ ਆਏ ਸਨ। ਉਸ ਨੇ ਝਾਂਡੇ ਪਿੰਡ 'ਚ ਹਮੇਸ਼ਾ ਨਿਸ਼ਕਾਮ ਗਾਇਆ। ਉਸ ਨੂੰ ਮਾਣ ਸੀ ਕਿ ਪਿੰਡ ਵਾਲੇ ਮੈਨੂੰ 'ਆਪਣਾ ਪੁੱਤਰ' ਕਹਿੰਦੇ ਨੇ।

ਉਸਤਾਦ ਜਸਵੰਤ ਭੰਵਰਾ ਦੇ ਲੜ ਉਹ 1972 'ਚ ਲੱਗਿਆ। ਉਸ ਦੇ ਸਕੂਲ 'ਚ ਪੜ੍ਹਾਉਂਦੇ ਪੀ ਟੀ ਮਾਸਟਰ ਹਰਦੇਵ ਸਿੰਘ ਗਰੇਵਾਲ ਤੇ ਉਨ੍ਹਾਂ ਦੇ ਮਿੱਤਰ ਹਰਦੇਵ ਦਿਲਗੀਰ ਥਰੀਕਿਆਂ ਵਾਲੇ ਉਸ ਨੂੰ ਭੰਵਰਾ ਦੇ ਚੁਬਾਰਿਆਂ ਵਿਚ ਦਾਖ਼ਲ ਕਰਵਾ ਗਏ ਸਨ। ਇਹ ਕਹਿ ਕੇ ਪਰਤੇ ਕਿ ਭੰਵਰੇ ਤੋਂ ਵੱਡਾ ਉਸਤਾਦ ਨਹੀਂ ਕੋਈ, ਚੰਗੀ ਤਰ੍ਹਾਂ ਸਿੱਖੀਂ। ਸਭ ਕਲਾਕਾਰ ਭਾਵੇਂ ਹਰਚਰਨ ਗਰੇਵਾਲ ਹੋਵੇ ਜਾਂ ਹਾਜਿੰਦਰ ਰਾਜਨ,ਕਰਨੈਲ ਗਿੱਲ, ਸਾਜਨ ਰਾਏ ਕੋਟੀ ਹੋਵੇ ਜਾਂ ਰਮੇਸ਼ ਰੰਗੀਲਾ, ਸੁਰਜੀਤ ਮਾਧੋਪੁਰੀ ਹੋਵੇ ਜਾਂ ਸਵਰਨ ਲਤਾ, ਸੁਦੇਸ਼ ਕਪੂਰ, ਸੱਯਦਾ ਬਾਨੋ, ਜਸਬੀਰ ਜੱਸੀ, ਰੁਪਿੰਦਰ ਰੂਪੀ ਢਿੱਲੋਂ, ਡਾ. ਸੁਖਨੈਨ,ਮਨਮੋਹਨ ਵਾਰਿਸ, ਰਾਜਿੰਦਰ ਮਲਹਾਰ, ਅਸ਼ੋਕ ਚੰਚਲ, ਮ ਸ ਸੇਠੀ, ਮੰਨਾ ਢਿੱਲੋਂ ਹੋਵੇ ਜਾਂ ਸਵਰਗੀ ਕਰਮਜੀਤ ਗਰੇਵਾਲ ਸਭ ਇਸ ਤੋਂ ਹੀ ਸਿੱਖੇ ਨੇ। ਕੱਬਾ ਜ਼ਰੂਰ ਹੈ ਪਰ ਮਿੱਟੀਉਂ ਸੋਨਾ ਇਹੀ ਬਣਾਉਂਦੈ। ਟਿਕਿਆ ਰਹੇਂਗਾ ਤਾਂ ਲੋਹਿਉਂ ਪਾਰਸ ਬਣ ਜਾਵੇਂਗਾ।
ਸੁਰਿੰਦਰ ਛਿੰਦਾ ਨੇ ਤਪੱਸਵੀ ਵਾਂਗ ਆਪਣੇ ਮੁਰਸ਼ਦ ਦੀ ਅਰਾਧਨਾ ਕੀਤੀ। ਭੰਵਰਾ ਸਾਹਿਬ ਨੇ ਜਲਦੀ ਹੀ ਹਿਜ਼ ਮਾਸਟਰਜ਼ ਵਾਇਸ ਕੰਪਨੀ ਵਿਚ ਸੁਰਿੰਦਰ ਛਿੰਦਾ ਦੀ ਸੁਦੇਸ਼ ਕਪੂਰ ਨਾਲ ਰਿਕਾਰਡਿੰਗ ਕਰਵਾ ਦਿੱਤੀ।
ਦੋਗਾਣਾ ਗਾਇਕੀ ਵਿਚ ਉਦੋਂ ਮੁਹੰਮਦ ਸਦੀਕ-ਰਣਜੀਤ ਕੌਰ, ਦੀਦਾਰ ਸੰਧੂ-ਸਨੇਹ ਲਤਾ, ਕੇ ਦੀਪ-ਜਗਮੋਹਨ ਕੌਰ, ਸਵਰਨ ਲਤਾ-ਕਰਮਜੀਤ ਧੂਰੀ, ਨਰਿੰਦਰ ਬੀਬਾ ਤੇ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤੂਤੀ ਬੋਲਦੀ ਸੀ। ਸੁਰਿੰਦਰ ਛਿੰਦਾ ਨਾਲ ਪਹਿਲਾਂ ਸੁਰਿੰਦਰ ਸੋਨੀਆ ਤੇ ਮਗਰੋਂ ਗੁਲਸ਼ਨ ਕੋਮਲ ਨੇ ਆਪਣੀ ਕਲਾ ਦਾ ਲੋਹਾ ਮੰਨਵਾਇਆ। ਸੁਰਿੰਦਰ ਛਿੰਦਾ ਨੇ ਕਲੀਆਂ ਤੇ ਲੋਕ ਗਾਥਾਵਾਂ ਦੇ ਗਾਇਨ ਵਿਚ ਪਹਿਲੇ ਈ ਪੀ ਰਿਕਾਰਡ 'ਉੱਚਾ ਬੁਰਜ ਲਾਹੌਰ ਦਾ' ਰਾਹੀਂ ਪੈਰ ਪਾਇਆ। ਪਹਿਲੀ ਪੇਸ਼ਕਾਰੀ ਹੀ ਲੰਮੀ ਲਕੀਰ ਵਾਹ ਗਈ। ਦੂਜੀ ਪੇਸ਼ਕਾਰੀ 'ਨੈਣਾਂ ਦੇ ਵਣਜਾਰੇ' ਨੇ ਤਾਂ ਪੂਰਾ ਗਲੋਬ ਹਿਲਾ ਕੇ ਰੱਖ ਦਿੱਤਾ: ਦੋ ਊਠਾਂ ਵਾਲੇ ਨੀ, ਲੁੱਟ ਕੇ ਸੇਜ ਸੱਸੀ ਦੀ ਲੈ ਗਏ।
ਹਰਦੇਵ ਦਿਲਗੀਰ ਨੇ ਇਹ ਗੱਲ ਮੈਨੂੰ ਕਈ ਵਾਰ ਆਪ ਦੱਸੀ ਸੀ ਕਿ ਕੁਲਦੀਪ ਮਾਣਕ ਤੇ ਸੁਰਿੰਦਰ ਛਿੰਦਾ ਜੇਕਰ ਉਹਦੀਆਂ ਲਿਖੀਆਂ ਲੋਕ ਗਾਥਾਵਾਂ ਨੂੰ ਨਾ ਮਿਲਦੇ ਤਾਂ ਪੰਜਾਬ ਲੋਕ ਸੰਗੀਤ ਦਾ ਮੁਹਾਂਦਰਾ ਹੀ ਹੋਰ ਹੋਣਾ ਸੀ। ਦੋਵੇਂ ਮੇਰੇ ਸੱਜੇ ਖੱਬੇ ਨੇਤਰ ਸਨ ਪਰ ਇੱਕ ਗੱਲ ਦਾ ਜ਼ਰੂਰ ਪਛਤਾਵਾ ਹੈ ਕਿ ਦੋਹਾਂ ਨੇ ਇੱਕ ਵੀ ਰਿਕਾਰਡਿੰਗ ਇਕੱਠਿਆਂ ਨਹੀਂ ਕੀਤੀ। 'ਜਿਊਣਾ ਮੌੜ' ਓਪੇਰੇ ਵੇਲੇ ਸੰਗੀਤਕਾਰ ਚਰਨਜੀਤ ਆਹੂਜਾ ਦੀ ਵੀ ਦਿਲੀ ਇੱਛਾ ਸੀ ਕਿ ਜਿਊਣੇ ਵਾਲਾ ਹਿੱਸਾ ਸੁਰਿੰਦਰ ਛਿੰਦਾ ਗਾਵੇ ਤੇ ਡੋਗਰ ਵਾਲਾ ਭਾਗ ਕੁਲਦੀਪ ਮਾਣਕ ਪਰ ਰਿਹਰਸਲ ਕਰਨ ਦੇ ਬਾਵਜੂਦ ਆਖ਼ਰੀ ਵਕਤ ਕੁਲਦੀਪ ਮਾਣਕ ਇਸ ਪ੍ਰਾਜੈਕਟ ਵਿਚੋਂ ਅਰਲੀ ਤੁੜਾ ਗਿਆ। ਦੋਵੇਂ ਭਾਗ ਸੁਰਿੰਦਰ ਛਿੰਦਾ ਨੂੰ ਹੀ ਗਾਉਣੇ ਪਏ। ਉਸ ਨੇ ਬੇਹੱਦ ਵਧੀਆ ਤੇ ਬੁਲੰਦ ਆਵਾਜ਼ ਵਿਚ ਬੋਲ ਨਿਭਾਏ। ਇਸ ਨਾਲ ਪੰਜਾਬੀ ਲੋਕ ਸੰਗੀਤ ਦਾ ਮੁਹਾਂਦਰਾ ਹੀ ਤਬਦੀਲ ਹੋ ਗਿਆ।
ਸੁਰਿੰਦਰ ਛਿੰਦਾ ਨਵੀਂ ਤੋਂ ਨਵੀਂ ਪ੍ਰਤਿਭਾ ਨੂੰ ਲੱਭਦਾ ਰਹਿੰਦਾ ਸੀ। ਸ਼ਮਸ਼ੇਰ ਸਿੰਘ ਸੰਧੂ ਨਾਲ ਉਹ ਕਈ ਕਈ ਦਿਨ ਚੰਗੇ ਗੀਤਾਂ ਦੀ ਨਿਰਖ ਪਰਖ ਕਰਦਾ। ਪੰਜਾਬੀ ਦੇ ਇਨਕਲਾਬੀ ਕਵੀ ਪਾਸ਼ ਤੇ ਸ਼ਮਸ਼ੇਰ ਨਾਲ ਤਾਂ ਉਹ ਲੋਕ ਤਰਜ਼ਾਂ ਬਾਰੇ ਵੀ ਘੰਟਿਆਂ ਬੱਧੀ ਵਿਚਾਰ ਕਰਦਾ ਰਹਿੰਦਾ। ਸ਼ਮਸ਼ੇਰ ਦਾ ਪਹਿਲਾ ਗੀਤ 'ਜਾਨੀ ਚੋਰ' ਵੀ ਸੁਰਿੰਦਰ ਛਿੰਦਾ ਨੇ ਹੀ ਰਿਕਾਰਡ ਕਰਵਾਇਆ ਸੀ। ਪਾਲੀ ਦੇਤਵਾਲੀਆ, ਬਚਨ ਬੇਦਿਲ, ਜਸਵੰਤ ਸੰਦੀਲਾ, ਮੋਹਨ ਬੰਸੀਆਂ ਵਾਲਾ, ਬੰਤ ਰਾਮਪੁਰੇ ਵਾਲਾ, ਅਮਰੀਕ ਸਿੰਘ ਤਲਵੰਡੀ ਤੇ ਕਿੰਨੇ ਹੋਰ ਗੀਤਕਾਰ ਉਸ ਨੇ ਪਹਿਲੀ ਵਾਰ ਰਿਕਾਰਡ ਕੀਤੇ। ਮੇਰੇ ਕੋਲੋਂ ਵੀ ਉਸ ਕੁਝ ਗੀਤ ਲਏ ਤੇ ਰਿਕਾਰਡ ਕਰਵਾਏ। ਦੂਰਦਰਸ਼ਨ ਜਲੰਧਰ ਵਾਸਤੇ 'ਮਾਹੀਆ' ਤਾਂ ਉਸ ਉਥੇ ਬੈਠਿਆਂ ਹੀ ਮੈਥੋਂ ਲਿਖਵਾਇਆ। ਕੁਝ ਗੀਤ ਉਸ ਮੇਰੀਆਂ ਕਿਤਾਬਾਂ 'ਚੋਂ ਲੈ ਕੇ ਵੀ ਗਾਏ। ਜਾਂ ਕਰਤਾਰਪੁਰ ਸਾਹਿਬ ਲਾਂਘੇ ਸਬੰਧੀ ਮੇਰਾ ਗੀਤ ਸੀ: ਪੰਜ ਸਦੀਆਂ ਪਰਤ ਕੇ ਨਾਨਕ ਪਿਆਰਾ ਵੇਖਿਆ। ਕਿਰਤ ਦਾ ਕਰਤਾਰਪੁਰ ਵੱਖਰਾ ਨਜ਼ਾਰਾ ਵੇਖਿਆ।


ਸੁਰਿੰਦਰ ਛਿੰਦਾ ਆਪ ਵਧੀਆ ਗਾਇਕ ਹੈ ਹੀ ਸੀ, ਉਸ ਦੇ ਸ਼ਾਗਿਰਦ ਵੀ ਖ਼ੂਬ ਚਮਕੇ। ਅਮਰ ਸਿੰਘ ਚਮਕੀਲਾ, ਕੁਲਦੀਪ ਪਾਰਸ, ਸੁੱਖ ਚਮਕੀਲਾ, ਸੋਹਣ ਸਿਕੰਦਰ, ਨਰਿੰਦਰ ਸਿੰਘ ਜੱਸਲ, ਪ੍ਰੇਮ ਸਿੰਘਪੁਰੀਆ, ਗੋਲਡੀ ਚੌਹਾਨ, ਜੋਗਿੰਦਰ ਸਿੰਘਪੁਰੀਆ ਸਮੇਤ ਕਈ ਹੋਰ।

ਸੁਰਿੰਦਰ ਛਿੰਦਾ ਤੇ ਸ਼ੌਕਤ ਅਲੀ ਨੇ ਇੰਗਲੈਂਡ ਵਿਚ ਪੱਗ ਹੀ ਨਹੀਂ ਦਿਲ ਵੀ ਵਟਾ ਲਏ ਸਨ। ਸੁਰਿੰਦਰ ਬਹੁਤ ਵਧੀਆ ਮੇਜ਼ਬਾਨ ਸੀ। ਗ਼ਜ਼ਲ ਸਮਰਾਟ ਗੁਲਾਮ ਅਲੀ ਦਾ ਲੁਧਿਆਣੇ ਬੁਲਾ ਕੇ ਆਪਣੇ ਸ਼ਾਗਿਰਦ ਨਰਿੰਦਰ ਜੱਸਲ ਤੋਂ ਸਨਮਾਨ ਕਰਵਾਇਆ। ਪਰਵੇਜ਼ ਮਹਿੰਦੀ ਤੇ ਉਸ ਦੇ ਪੁੱਤਰ ਅਲੀ ਪਰਵੇਜ਼ ਦੀ ਸੰਗੀਤਕ ਸ਼ਾਮ 1999 'ਚ ਮੈਨੂੰ ਤੇ ਡਾ. ਸਤੀਸ਼ ਸ਼ਰਮਾ ਨੂੰ ਨਾਲ ਲੈ ਕੇ ਪੰਜਾਬ ਯੂਨੀਵਰਸਿਟੀ ਐਕਸਟੈਨਸ਼ਨ ਲਾਇਬਰੇਰੀ ਹਾਲ 'ਚ ਕਰਵਾਈ।

ਸੁਰਿੰਦਰ ਛਿੰਦਾ ਦੇ ਜਾਣ 'ਤੇ ਕਿਹੜੀ ਅੱਖ ਨਹੀਂ ਰੋਈ। ਉਹ ਮਾਂ ਲਈ ਦਰਦ ਸਮੁੰਦਰ ਹੋਰ ਭਰ ਗਿਆ। ਜੀਵਨ ਸਾਥਣ ਜੋਗਿੰਦਰ ਕੌਰ ਤੇ ਬੱਚਿਆਂ ਲਈ ਸੁਫ਼ਨਾ ਹੋ ਗਿਆ। ਚਰਨਜੀਤ ਆਹੂਜਾ ਉਸ ਨੂੰ ਲੋਕ ਗਾਥਾਵਾਂ ਦਾ ਸ਼ਹਿਨਸ਼ਾਹ ਆਖ ਰਿਹੈ ਤੇ ਹੰਸ ਰਾਜ ਹੰਸ ਬੱਬਰ ਸ਼ੇਰ ਗਵੱਈਆ। ਪ੍ਰੋ. ਮੋਹਨ ਸਿੰਘ ਦਾ ਸ਼ਿਅਰ ਚੇਤੇ ਆ ਰਿਹੈ:

ਫੁੱਲ ਹਿੱਕ ਵਿਚ ਜੰਮੀ ਪਲੀ ਖ਼ੁਸ਼ਬੂ ਜਾਂ ਉੱਡ ਗਈ,
ਅਹਿਸਾਸ ਹੋਇਆ ਫੁੱਲ ਨੂੰ ਰੰਗਾਂ ਦੇ ਭਾਰ ਦਾ।

## "ਧੀਆਂ ਦੇ ਦਰਦ" — ਮਹਿੰਦਰ ਸਿੰਘ ਝੱਮਟ ਦੀ ਸੰਵੇਦਨਸ਼ੀਲ ਲੇਖਨੀ ਦਾ ਸਮਾਜਕ ਦਰਪਣ




ਵਰਲਡ ਪੰਜਾਬੀ ਟਾਈਮਜ਼
ਮੰਗਤ ਗਰਗ

ਪੰਜਾਬੀ ਸਾਹਿਤ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਇਹ ਸਮਾਜ ਦੀ ਆਤਮਾ ਦੀ ਆਵਾਜ਼ ਹੈ। ਸਮੇਂ-ਸਮੇਂ 'ਤੇ ਸਾਹਿਤ ਨੇ ਮਨੁੱਖੀ ਦਰਦ, ਸਮਾਜਕ ਵਿਡੰਬਨਾਵਾਂ ਅਤੇ ਅਣਕਹੀਆਂ ਸੱਚਾਈਆਂ ਨੂੰ ਆਪਣੇ ਸ਼ਬਦਾਂ ਰਾਹੀਂ ਲੋਕਾਂ ਤੱਕ ਪਹੁੰਚਾਇਆ ਹੈ। ਇਸੇ ਸਾਹਿਤਕ ਪਰੰਪਰਾ ਨੂੰ ਅੱਗੇ ਵਧਾਉਂਦਿਆਂ ਲੇਖਕ ਮਹਿੰਦਰ ਸਿੰਘ ਝੱਮਟ ਆਪਣੇ ਆਉਣ ਵਾਲੇ ਨਾਵਲ "ਧੀਆਂ ਦੇ ਦਰਦ" ਰਾਹੀਂ ਪੰਜਾਬੀ ਸਾਹਿਤ ਜਗਤ ਵਿੱਚ ਇੱਕ ਸੰਵੇਦਨਸ਼ੀਲ ਅਤੇ ਗੰਭੀਰ ਲੇਖਕ ਵਜੋਂ ਆਪਣੀ ਪਛਾਣ ਮਜ਼ਬੂਤ ਕਰ ਰਹੇ ਹਨ। ਇਹ ਨਾਵਲ ਸਿਰਫ਼ ਇੱਕ ਕਹਾਣੀ ਨਹੀਂ, ਸਗੋਂ ਉਹਨਾਂ ਧੀਆਂ ਦੀ ਆਵਾਜ਼ ਹੈ ਜੋ ਅੱਜ ਵੀ ਸਮਾਜ ਵਿੱਚ ਅਣਗਹਿਲੀ, ਭੇਦਭਾਵ ਅਤੇ ਅੰਦਰੂਨੀ ਦਰਦ ਦਾ ਸਾਹਮਣਾ ਕਰ ਰਹੀਆਂ ਹਨ।

ਮਹਿੰਦਰ ਸਿੰਘ ਝੱਮਟ ਦਾ ਜਨਮ 25 ਮਈ 1972 ਨੂੰ ਪਿੰਡ ਅੱਤੇਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸ੍ਰੀਮਤੀ ਮਾਤਾ ਕਰਮ ਕੌਰ ਅਤੇ ਪਿਤਾ ਸਵਰਗੀ ਸਰਦਾਰ ਤਾਰਾ ਸਿੰਘ ਦੇ ਘਰ ਹੋਇਆ। ਪਿੰਡ ਦਾ ਸਾਦਾ ਜੀਵਨ, ਖੇਤਾਂ ਦੀ ਮਿੱਟੀ ਦੀ ਖੁਸ਼ਬੂ ਅਤੇ ਮਾਂ-ਬੋਲੀ ਪੰਜਾਬੀ ਦੀ ਮਿੱਠਾਸ ਨੇ ਬਚਪਨ ਤੋਂ ਹੀ ਉਨ੍ਹਾਂ ਦੇ ਮਨ ਵਿੱਚ ਸੰਵੇਦਨਸ਼ੀਲਤਾ ਪੈਦਾ ਕਰ ਦਿੱਤੀ ਸੀ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਲੇਖਨੀ ਵਿੱਚ ਮਿੱਟੀ ਦੀ ਮਹਿਕ, ਆਮ ਮਨੁੱਖ ਦਾ ਦਰਦ ਅਤੇ ਸਮਾਜ ਦੀ ਸੱਚਾਈ ਬੜੀ ਸਪਸ਼ਟਤਾ ਨਾਲ ਨਜ਼ਰ ਆਉਂਦੀ ਹੈ।

ਸਕੂਲੀ ਦੌਰ ਤੋਂ ਹੀ ਝੱਮਟ ਦਾ ਸਾਹਿਤ ਨਾਲ ਡੂੰਘਾ ਨਾਤਾ ਬਣ ਗਿਆ ਸੀ। ਉਹ ਪੰਜਾਬੀ ਦੇ ਮਹਾਨ ਲੇਖਕਾਂ ਅਤੇ ਕਵੀਆਂ — ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਨਾਨਕ ਸਿੰਘ, ਵੀਰ ਸਿੰਘ ਅਤੇ ਬਲਵੀਰ ਪਰਵਾਨਾ ਆਦਿ ਦੀਆਂ ਰਚਨਾਵਾਂ ਨੂੰ ਬੜੀ ਰੁਚੀ ਨਾਲ ਪੜ੍ਹਦੇ ਰਹੇ। ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਵਿੱਚ ਮੌਜੂਦ ਪ੍ਰੇਮ, ਵਿਰਹ, ਦਰਦ ਅਤੇ ਸਮਾਜਕ ਚੇਤਨਾ ਨੇ ਝੱਮਟ ਦੀ ਸੋਚ ਨੂੰ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੀ ਲਿਖਤ ਵਿੱਚ ਵੀ ਉਹੀ ਮਨੁੱਖੀ ਭਾਵਨਾਵਾਂ ਅਤੇ ਸਮਾਜਕ ਸੱਚਾਈਆਂ ਦੀ ਝਲਕ ਮਿਲਦੀ ਹੈ।

ਉਨ੍ਹਾਂ ਦੀ ਪਹਿਲੀ ਰਚਨਾ "ਕੀ ਮੈਂ ਰੱਖਾਂ ਨੀ ਨਿਕੰਮੀਏ, ਮੇਰੇ ਨਾਲ ਮੁਕੇਗੀ ਤੂੰ ਮੇਰੇ ਨਾਲ ਜੰਮੀਏ" ਨੇ ਉਨ੍ਹਾਂ ਨੂੰ ਸਾਹਿਤਕ ਮੰਚ 'ਤੇ ਵੱਖਰੀ ਪਛਾਣ ਦਿਵਾਈ। ਇਹ ਰਚਨਾ ਸਿਰਫ਼ ਸ਼ਬਦਾਂ ਦਾ ਜੋੜ ਨਹੀਂ ਸੀ, ਸਗੋਂ ਸਮਾਜ ਦੀ ਸੋਚ 'ਤੇ ਇੱਕ ਗੰਭੀਰ ਸਵਾਲ ਸੀ। ਇਸ ਰਚਨਾ ਨੇ ਸਾਬਤ ਕਰ ਦਿੱਤਾ ਕਿ ਝੱਮਟ ਦੀ ਕਲਮ ਵਿੱਚ ਸੱਚ ਬਿਆਨ ਕਰਨ ਦੀ ਹਿੰਮਤ ਅਤੇ ਸਮਾਜ ਨੂੰ ਸੋਚਣ ਲਈ ਮਜਬੂਰ ਕਰਨ ਦੀ ਤਾਕਤ ਹੈ।

ਸਾਲ 1988 ਉਨ੍ਹਾਂ ਦੀ ਸਾਹਿਤਕ ਯਾਤਰਾ ਵਿੱਚ ਇੱਕ ਮਹੱਤਵਪੂਰਣ ਮੋੜ ਬਣਿਆ। ਇਸ ਦੌਰਾਨ ਉਨ੍ਹਾਂ ਨੂੰ ਸ਼ਾਮ ਤਾਲਿਬ, ਚਮਨ ਲਾਲ ਸ਼ੁਕਲਾ, ਕੇਵਲ ਵਿੰਗ ਅਤੇ ਸਰਦਾਰ ਰਣਜੀਤ ਸਿੰਘ ਵਰਗੀਆਂ ਮਸ਼ਹੂਰ ਸਾਹਿਤਕ ਸ਼ਖਸੀਅਤਾਂ ਦਾ ਸਾਥ ਅਤੇ ਮਾਰਗਦਰਸ਼ਨ ਮਿਲਿਆ। ਇਨ੍ਹਾਂ ਸ਼ਖਸੀਅਤਾਂ ਨੇ ਉਨ੍ਹਾਂ ਦੀ ਲੇਖਨੀ ਨੂੰ ਹੋਰ ਨਿਖਾਰਿਆ ਅਤੇ ਉਨ੍ਹਾਂ ਦੇ ਅੰਦਰਲੇ ਲੇਖਕ ਨੂੰ ਹੌਸਲਾ ਦਿੱਤਾ।

ਮਹਿੰਦਰ ਸਿੰਘ ਝੱਮਟ ਦੀ ਸ਼ਖਸੀਅਤ ਦਾ ਇੱਕ ਹੋਰ ਪੱਖ ਗਾਇਕੀ ਨਾਲ ਵੀ ਜੁੜਿਆ ਹੋਇਆ ਹੈ। ਉਹ ਮੰਨਦੇ ਹਨ ਕਿ ਗਾਇਕੀ ਵੱਲ ਉਨ੍ਹਾਂ ਦਾ ਧਿਆਨ ਯੋਜਨਾਬੱਧ ਨਹੀਂ ਸੀ, ਪਰ ਮੂੰਹ-ਬੋਲੀ ਭੈਣ ਅਤੇ ਲੇਖਿਕਾ ਹੈਨੀ ਰੰਧਾਵਾ ਦੀ ਪ੍ਰੇਰਣਾ ਨਾਲ ਉਨ੍ਹਾਂ ਨੂੰ ਸਟੇਜਾਂ 'ਤੇ ਗਾਉਣ ਦਾ ਮੌਕਾ ਮਿਲਿਆ। ਉਨ੍ਹਾਂ ਨੇ ਉਸਤਾਦ ਜਨਾਬ ਹਾਕਮ ਸੂਫ਼ੀ ਅਤੇ ਉਸਤਾਦ ਸੋਹਣ ਸਿੰਘ ਸਨੀਲੇ ਕੋਲੋਂ ਸੰਗੀਤ ਦੀਆਂ ਬਰੀਕੀਆਂ ਵੀ ਸਿੱਖੀਆਂ। ਫਿਰ ਵੀ ਉਹ ਮੰਨਦੇ ਹਨ ਕਿ ਇੱਕ ਵਧੀਆ ਲੇਖਕ, ਗਾਇਕ ਜਾਂ ਨਾਵਲਕਾਰ ਬਣਨ ਲਈ ਬੇਅੰਤ ਮਿਹਨਤ ਅਤੇ ਤਪੱਸਿਆ ਦੀ ਲੋੜ ਹੁੰਦੀ ਹੈ।

ਅੱਜ ਤੱਕ ਮਹਿੰਦਰ ਸਿੰਘ ਝੱਮਟ ਦੀਆਂ ਗ਼ਜ਼ਲਾਂ, ਗੀਤ, ਮਿੰਨੀ ਕਹਾਣੀਆਂ ਅਤੇ ਲੇਖ ਵੱਖ-ਵੱਖ ਅਖਬਾਰਾਂ ਅਤੇ ਸਾਹਿਤਕ ਮੰਚਾਂ 'ਤੇ ਪ੍ਰਕਾਸ਼ਿਤ ਹੋ ਚੁੱਕੇ ਹਨ। ਉਨ੍ਹਾਂ ਦੀ ਲਿਖਤ ਦਾ ਕੇਂਦਰ ਹਮੇਸ਼ਾ ਆਮ ਮਨੁੱਖ ਦਾ ਦਰਦ, ਉਸਦੀ ਲੜਾਈ ਅਤੇ ਸਮਾਜ ਦੀਆਂ ਹਕੀਕਤਾਂ ਰਹੀਆਂ ਹਨ। ਉਨ੍ਹਾਂ ਦੀ ਕਲਮ ਸਮਾਜ ਨੂੰ ਸਿਰਫ਼ ਆਇਨਾ ਹੀ ਨਹੀਂ ਦਿਖਾਉਂਦੀ, ਸਗੋਂ ਲੋਕਾਂ ਨੂੰ ਸੋਚਣ ਲਈ ਵੀ ਮਜਬੂਰ ਕਰਦੀ ਹੈ।

ਨਾਵਲ "ਧੀਆਂ ਦੇ ਦਰਦ" ਉਨ੍ਹਾਂ ਦੇ ਸਾਲਾਂ ਪੁਰਾਣੇ ਸੁਪਨੇ ਦਾ ਨਤੀਜਾ ਹੈ। ਇਹ ਨਾਵਲ ਸਿਰਫ਼ ਧੀਆਂ ਦੀ ਕਹਾਣੀ ਨਹੀਂ, ਸਗੋਂ ਇੱਕ ਸਮਾਜਕ ਦਸਤਾਵੇਜ਼ ਹੈ ਜੋ ਸਵਾਲ ਕਰਦਾ ਹੈ ਕਿ ਅਸੀਂ ਆਪਣੀਆਂ ਧੀਆਂ ਨਾਲ ਕਿੰਨੇ ਨਿਆਂਪੂਰਕ ਹਾਂ। ਅੱਜ ਵੀ ਕਈ ਘਰਾਂ ਵਿੱਚ ਧੀਆਂ ਨੂੰ ਪੁੱਤਰਾਂ ਨਾਲੋਂ ਘੱਟ ਸਮਝਿਆ ਜਾਂਦਾ ਹੈ, ਉਨ੍ਹਾਂ ਦੇ ਸੁਪਨਿਆਂ ਨੂੰ ਦਬਾਇਆ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਅਣਡਿੱਠਾ ਕੀਤਾ ਜਾਂਦਾ ਹੈ। ਇਹ ਨਾਵਲ ਉਨ੍ਹਾਂ ਸਾਰੀਆਂ ਹਕੀਕਤਾਂ ਨੂੰ ਬੇਹੱਦ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕਰਦਾ ਹੈ।

ਮੌਜੂਦਾ ਸਮੇਂ ਵਿੱਚ ਮਹਿੰਦਰ ਸਿੰਘ ਝੱਮਟ ਸਰਦਾਰ ਸਿਕੰਦਰ ਸਿੰਘ ਬਰਾੜ (ਢਿੱਲਵਾਂ, ਜਰਮਨੀ) ਨਾਲ ਸਾਹਿਤਕ ਤੌਰ 'ਤੇ ਸਰਗਰਮ ਹਨ। ਉਮੀਦ ਕੀਤੀ ਜਾ ਰਹੀ ਹੈ ਕਿ "ਧੀਆਂ ਦੇ ਦਰਦ" ਪੰਜਾਬੀ ਸਾਹਿਤ ਜਗਤ ਵਿੱਚ ਇੱਕ ਵਿਲੱਖਣ ਥਾਂ ਬਣਾਵੇਗਾ ਅਤੇ ਪਾਠਕਾਂ ਦੇ ਦਿਲਾਂ 'ਤੇ ਡੂੰਘਾ ਪ੍ਰਭਾਵ ਛੱਡੇਗਾ।

ਇਹ ਨਾਵਲ ਸਿਰਫ਼ ਪੜ੍ਹਨ ਲਈ ਨਹੀਂ, ਸਗੋਂ ਸੋਚਣ ਲਈ ਹੈ — ਅਤੇ ਇਹੀ ਕਿਸੇ ਵੀ ਮਹਾਨ ਰਚਨਾ ਦੀ ਸਭ ਤੋਂ ਵੱਡੀ ਕਾਮਯਾਬੀ ਹੁੰਦੀ ਹੈ।

## ਜਨਗਣਨਾ ਦੀ ਡਿਊਟੀ 'ਤੇ ਤਾਇਨਾਤ ਅਧਿਆਪਕਾਂ ਨੂੰ ਸਕੂਲ ਡਿਊਟੀ ਤੋਂ ਫਾਰਗ ਕਰਨ ਦੀ ਮੰਗ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 20 ਮਈ : ਭਾਰਤ ਸਰਕਾਰ ਵੱਲੋਂ ਕੀਤੀ ਜਾ ਰਹੀ ਜਨਗਣਨਾ ਕਰਨ ਵਾਸਤੇ ਪੰਜਾਬ ਸਰਕਾਰ ਅਧੀਨ ਸਿਵਲ ਪ੍ਰਸ਼ਾਸਨ ਦੇ ਵੱਖ-ਵੱਖ ਅਧਿਕਾਰੀਆਂ ਨੇ ਸਰਕਾਰੀ ਸਕੂਲਾਂ ਵਿੱਚ ਕੰਮ ਕਰ ਰਹੇ ਅਧਿਆਪਕਾਂ ਨੂੰ ਬਹੁਤ ਵੱਡੀ ਗਿਣਤੀ ਵਿੱਚ ਜਨਗਣਨਾ ਕਰਨ ਲਈ ਬਤੌਰ ਸੁਪਰਵਾਈਜ਼ਰ, ਗਿਣਤੀਕਾਰ ਲਾਇਆ ਗਿਆ ਹੈ। ਇਹਨਾਂ ਡਿਊਟੀਆਂ 'ਤੇ ਤੈਨਾਤ ਕੀਤੇ ਗਏ ਅਧਿਆਪਕਾਂ ਨੂੰ ਇਹ ਕਾਰਜ ਕਰਨ ਵਾਸਤੇ ਕੋਈ ਸਪਸ਼ਟ ਹਦਾਇਤਾਂ ਨਾ ਹੋਣ ਕਰਕੇ ਸਿਵਲ ਪ੍ਰਸ਼ਾਸਨ ਦੀ ਵੱਖ-ਵੱਖ ਅਧਿਕਾਰੀ ਵੱਖੋ-ਵੱਖਰੀਆਂ ਹਦਾਇਤਾਂ ਜਾਰੀ ਕਰ ਰਹੇ ਹਨ। ਇਸ ਸਬੰਧੀ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਪੁਆਰੀ, ਜਨਰਲ ਸਕੱਤਰ ਜਿੰਦਰ ਪਾਇਲਟ, ਵਿੱਤ ਸਕੱਤਰ ਨਵੀਨ ਸਚਦੇਵਾ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ, ਸੂਬਾ ਸਲਾਹਕਾਰ ਬਲਕਾਰ ਵਲਟੋਹਾ ਅਤੇ ਪ੍ਰੇਮ ਚਾਵਲਾ ਨੇ ਕਿਹਾ ਕਿ ਜਥੇਬੰਦੀ ਦੇ ਧਿਆਨ ਵਿੱਚ ਆਇਆ ਹੈ ਕਿ ਜਨਗਣਨਾ ਪ੍ਰਕਿਰਿਆ ਵਿੱਚ ਲੱਗੇ ਅਧਿਆਪਕਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਧਿਆਪਕਾਂ ਦੀਆਂ ਜਨਗਣਨਾ ਦੀਆਂ ਡਿਊਟੀਆਂ ਕਈ ਥਾਵਾਂ 'ਤੇ ਉਹਨਾਂ ਦੀ ਰਿਹਾਇਸ਼ ਅਤੇ ਨਿਯੁਕਤੀ ਸਥਾਨ ਤੋਂ ਬਹੁਤ ਦੂਰ ਲਾ ਦਿੱਤੀਆਂ ਗਈਆਂ ਹਨ। ਪਰ ਪੰਜਾਬ ਸਰਕਾਰ ਵੱਲੋਂ ਵੱਲੋਂ ਉਨਾਂ ਨੂੰ ਸਕੂਲ ਡਿਊਟੀ ਤੋਂ ਫਾਰਗ ਕਰਨ ਸਬੰਧੀ ਕੋਈ ਵੀ ਸਪਸ਼ਟ ਹਦਾਇਤਾਂ ਜਾਰੀ ਨਹੀਂ ਕੀਤੀਆਂ ਗਈਆਂ। ਜਿਸ ਕਾਰਨ ਅੱਤ ਦੀ ਗਰਮੀ ਤੇ 44-45 ਡਿਗਰੀ ਤਾਪਮਾਨ ਪਹੁੰਚਣ 'ਤੇ ਵੀ ਅਧਿਆਪਕਾਂ ਨੂੰ ਛੁੱਟੀ ਹੋਣ ਤੋਂ ਬਾਅਦ ਘਰਾਂ ਵਿੱਚ ਜਾਕੇ ਸਰਵੇ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ ਅਤੇ ਜਨਗਨਣਾ ਫਾਰਮ ਵਿੱਚ 34 ਖਾਨੇ ਭਰਨੇ ਪੈਂਦੇ ਹਨ ਤੇ ਉਸ ਨੂੰ ਆਨਲਾਈਨ ਪੋਰਟਲ ਤੇ ਅਪਲੋਡ ਕੀਤਾ ਜਾਣਾ ਵੀ ਜ਼ਰੂਰੀ ਹੈ। ਜਿਸ ਨਾਲ ਹਰ ਘਰ ਲਈ ਲਗਭਗ 30 ਮਿੰਟ ਦਾ ਸਮਾਂ ਲੱਗਦਾ ਹੈ। ਕਈ ਘਰ ਬੰਦ ਹੋਣ ਕਾਰਨ ਵਾਰ-ਵਾਰ ਘਰਾਂ ਵਿੱਚ ਜਾਣਾ ਪੈਂਦਾ ਹੈ। ਇਸ ਤਰ੍ਹਾਂ ਸਕੂਲ ਡਿਊਟੀ ਦੇ ਨਾਲ-ਨਾਲ ਜਨਗਣਨਾ ਦਾ ਕੰਮ ਕਰਨਾ ਬਹੁਤ ਮੁਸ਼ਕਿਲ ਭਰਿਆ ਕਾਰਜ ਹੈ। ਜੱਥੇਬੰਦੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਨਗਣਨਾ ਵਿੱਚ ਨਿਯੁਕਤ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਸਕੂਲ ਡਿਊਟੀ ਤੋਂ ਮੁਕੰਮਲ ਤੌਰ 'ਤੇ ਤੁਰਤ ਫ਼ਾਰਗ਼ ਕੀਤਾ ਜਾਵੇ ਤਾਂ ਕਿ ਸਾਰੇ ਇਸ ਕੌਮੀ ਕਾਜ ਨੂੰ ਸਮੇਂ ਸਿਰ ਨੇਪਰੇ ਚੜ੍ਹਾ ਸਕਣ।